ਵਕੀਲ ਦੀ ਲੋੜ ? 905-362-0755
ਇੰਡੀਆ ਵਿੱਚ ਜਾਇਦਾਦ ਵੇਚੋ ਪੈਸੇ ਕੈਨੇਡਾ ਮੰਗਵਾਓ Buy/Sell US Dollars 416-731-7710
ਨੈਨੀ/ਕੇਅਰਗਿਵਰ ਵੀਜ਼ਾ ਅਰਜ਼ੀਆਂ 7,500 Positions 416-848-3930
ਸਸਤੀਆਂ ਹਵਾਈ ਟਿਕਟਾਂ 905-595-1700
ਮਰਦਾਨਾ ਕਮਜ਼ੋਰੀ 416-992-5489
12 Beds, 7 Baths For 24 Guests 905-965-4644
ਇੰਡੀਅਨ ਵੀਜ਼ਾ OCI & Passport Renewal 514-389-7070
ਕਰਜ਼ੇ ਤੋਂ ਪਰੇਸ਼ਾਨ ਹੋ ? 416-502-3100

ਕੌਣ ਬਨੇਗਾ ਕਰੋੜਪਤੀ 'ਚ ਜਾਣ ਅਤੇ ਅਮਿਤਾਬ ਦੇ ਪੈਰੀਂ ਹੱਥ ਲਾਉਣ 'ਤੇ ਦਿਲਜੀਤ ਦਾ ਬਿਆਨ

ਮੁੰਬਈ: ਕੌਣ ਬਨੇਗਾ ਕਰੋੜਪਤੀ ਸ਼ੋਅ 'ਚ ਸ਼ਾਮਿਲ ਹੋਣ ਅਤੇ ਮੇਜ਼ਬਾਨ ਅਮਿਤਾਬ ਬੱਚਨ ਦੇ ਪੈਰੀਂ ਹੱਥ ਲਾਉਣ ਨੂੰ ਲੈ ਕੇ ਹੋਏ ਵਿਵਾਦ ਤੋਂ ਬਾਅਦ ਪੰਜਾਬੀ ਗਾਇਕ ਅਤੇ ਅਦਾਕਾਰ ਦਿਲਜੀਤ ਦੁਸਾਂਝ ਦਾ ਪਹਿਲਾ ਬਿਆਨ ਸਾਹਮਣੇ ਆਇਆ ਹੈ। ਜ਼ਿਕਰਯੋਗ ਹੈ ਕਿ ਇਸ ਮਾਮਲੇ ਨੂੰ ਲੈ ਕੇ SFJ ਦੇ ਗੁਰਪਤਵੰਤ ਸਿੰਘ ਪਨੂੰ ਦੇ ਵਲੋਂ ਦੁਸਾਂਝ ਨੂੰ ਧਮਕੀ ਦਿੱਤੀ ਗਈ ਸੀ। ਪੰਨੂੰ ਨੇ ਕਿਹਾ ਸੀ ਕਿ ਦਿਲਜੀਤ ਨੇ ਅਮਿਤਾਭ ਬੱਚਨ ਦੇ ਪੈਰੀਂ ਹੱਥ ਲਗਾ ਕੇ 1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਦਾ ਅਪਮਾਨ ਕੀਤਾ ਹੈ।

ਇਸੇ ਨੂੰ ਲੈ ਕੇ ਹੁਣ ਦਿਲਜੀਤ ਦੁਸਾਂਝ ਨੇ ਇੱਕ ਪੋਸਟ ਪਾਈ ਹੈ। ਉਸ ਨੇ ਕਿਹਾ ਕਿ ਉਹ KBC 'ਚ ਆਪਣੇ ਕਿਸੇ ਗਾਣੇ ਦੀ ਪ੍ਰਮੋਸ਼ਨ ਲਈ ਜਾਂ ਕਿਸੇ ਫ਼ਿਲਮ ਦੀ ਪ੍ਰਮੋਸ਼ਨ ਲਈ ਨਹੀਂ ਸੀ ਗਿਆ। ਉਸ ਨੇ ਸਪੱਸ਼ਟ ਕੀਤਾ ਕਿ ਉਹ ਪੰਜਾਬ ਲਈ ਗਿਆ ਸੀ, ਅਤੇ ਖ਼ਾਸ ਕਰ ਕੇ ਪੰਜਾਬ ਦੇ ਹੜ੍ਹਾਂ ਦੀ ਗੱਲ ਨੈਸ਼ਨਲ ਪੱਧਰ 'ਤੇ ਰੱਖਣ ਲਈ ਉਹ KBC 'ਚ ਸ਼ਾਮਿਲ ਹੋਇਆ ਸੀ।

ਵਿਵਾਦ ਦਾ ਕਾਰਨ ਅਤੇ ਧਮਕੀ: KBC ਦਾ ਪ੍ਰੋਮੋ ਰੀਲੀਜ਼ ਹੋਣ ਤੋਂ ਬਾਅਦ ਵਿਵਾਦ ਓਦੋਂ ਸ਼ੁਰੂ ਹੋਇਆ ਜਦੋਂ ਦਿਲਜੀਤ ਦੁਸਾਂਝ ਨੂੰ ਅਮਿਤਾਭ ਬੱਚਨ ਦੇ ਪੈਰੀਂ ਹੱਥ ਲਾਉਂਦੇ ਹੋਏ ਦੇਖਿਆ ਗਿਆ। ਜ਼ਿਕਰਯੋਗ ਹੈ ਕਿ ਅਮਿਤਾਭ ਬੱਚਨ 'ਤੇ ਇਲਜ਼ਾਮ ਲੱਗਦੇ ਰਹੇ ਹਨ ਕਿ ਉਨ੍ਹਾਂ ਨੇ 1984 ਦੇ ਦੰਗਿਆਂ ਦੌਰਾਨ ਭੜਕਾਊ ਬਿਆਨਬਾਜ਼ੀ ਕੀਤੀ ਸੀ ਜਿਸ ਕਾਰਨ ਸਿੱਖਾਂ 'ਚ ਹਮੇਸ਼ਾ ਤੋਂ ਗੁੱਸਾ ਰਿਹਾ ਹੈ। ਇਸੇ ਨੂੰ ਲੈ ਕੇ ਪੰਨੂ ਦੇ ਵਲੋਂ ਦਿਲਜੀਤ ਦੁਸਾਂਝ ਨੂੰ ਧਮਕੀ ਦਿੱਤੀ ਗਈ ਸੀ।

ਪੰਜਾਬ ਪ੍ਰਤੀ ਦਿਲਜੀਤ ਦੀ ਵੱਡੀ ਜ਼ਿੰਮੇਵਾਰੀ: ਦਿਲਜੀਤ ਦੁਸਾਂਝ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਉਹ ਪੰਜਾਬ ਨੂੰ ਹੜ੍ਹਾਂ ਦੀ ਇਸ ਮਾਰ 'ਚੋਂ ਕੱਢਣ ਲਈ ਜੋ ਕੁੱਝ ਵੀ ਕਰਨਾ ਪਿਆ, ਉਹ ਆਪਣੇ ਪੱਧਰ 'ਤੇ ਜ਼ਰੂਰ ਕਰੇਗਾ। ਉਸ ਨੇ ਕਿਹਾ ਕਿ ਉਹ ਪੰਜਾਬ ਦੀ ਗੱਲ ਨੈਸ਼ਨਲ ਲੈਵਲ ਤਕ ਲੈ ਕੇ ਜਾਵੇਗਾ। ਪ੍ਰੋਮੋ 'ਚ ਦੇਖਿਆ ਜਾ ਸਕਦਾ ਹੈ ਕਿ KBC 'ਚ ਐਂਟਰੀ ਲੈਂਦੇ ਸਮੇਂ ਦਿਲਜੀਤ ਗਾਣਾ ਗਾਉਂਦਾ ਹੈ ਜਿਸ 'ਚ ਉਹ ਕਹਿੰਦਾ ਹੈ, "ਮੈਂ ਹੂੰ ਪੰਜਾਬ।" ਇਸ ਮੌਕੇ ਅਮਿਤਾਭ ਬੱਚਨ ਵਲੋਂ ਪੰਜਾਬ ਦੇ ਪੁੱਤਰ ਦਾ ਸਵਾਗਤ ਕੀਤਾ ਜਾਂਦਾ ਹੈ।

ਵੱਡਾ ਐਲਾਨ: ਜ਼ਿਕਰਯੋਗ ਹੈ ਕਿ ਇਸ ਸ਼ੋਅ 'ਚ ਦਿਲਜੀਤ ਦੁਸਾਂਝ ਵਲੋਂ ਜਿੰਨੀ ਵੀ ਰਕਮ ਜਿੱਤੀ ਗਈ ਹੈ, ਉਹ ਪੰਜਾਬ ਦੇ ਹੜ੍ਹਾਂ ਲਈ ਡੋਨੇਟ ਕੀਤੀ ਜਾਵੇਗੀ। ਇਸ ਤੋਂ ਪਹਿਲਾਂ ਵੀ ਦਿਲਜੀਤ ਦੁਸਾਂਝ ਨੇ ਪੰਜਾਬ ਦੇ 10 ਪਿੰਡਾਂ ਨੂੰ ਗੋਦ ਲੈ ਕੇ ਇੱਕ ਵੱਡੀ ਜ਼ਿੰਮੇਵਾਰੀ ਲਈ ਸੀ। KBC ਦਾ ਐਪੀਸੋਡ 31 ਕਿਤੇ ਨਾ ਕਿਤੇ ਪੂਰੀ ਤਰ੍ਹਾਂ ਪੰਜਾਬ ਦੇ ਹੜ੍ਹਾਂ ਨੂੰ ਡੈਡੀਕੇਟਿਡ ਇੱਕ ਐਪੀਸੋਡ ਹੈ। ਇਸ 'ਚ ਪੰਜਾਬ ਦੇ ਲੋਕ ਵੀ ਨਜ਼ਰ ਆਉਣਗੇ ਜੋ ਸਵਾਲ-ਜਵਾਬ ਕਰਨਗੇ ਅਤੇ ਆਪਣਾ ਦੁੱਖ ਵੀ ਬਿਆਨ ਕਰਨਗੇ।

ਆਸਟ੍ਰੇਲੀਆ ਟੂਰ 'ਤੇ ਵੀ ਵਿਵਾਦ: ਦਿਲਜੀਤ ਦੁਸਾਂਝ ਨੇ ਹਾਲ ਹੀ 'ਚ ਆਸਟ੍ਰੇਲੀਆ 'ਚ ਆਪਣਾ ਟੂਰ ਮੁਕੰਮਲ ਕੀਤਾ ਹੈ। ਉਸ ਟੂਰ ਨੂੰ ਲੈ ਕੇ ਵੀ ਇੱਕ ਵਿਵਾਦ ਖੜ੍ਹਾ ਹੋ ਚੁੱਕਾ ਹੈ। ਪਿਛਲੇ ਸ਼ੋਅ ਦੌਰਾਨ ਕਈ ਲੋਕਾਂ ਨੂੰ ਕ੍ਰਿਪਾਨ ਧਾਰਨ ਕਰਨ ਕਰ ਕੇ ਐਂਟਰੀ ਨਹੀਂ ਸੀ ਦਿੱਤੀ ਗਈ, ਅਤੇ ਇਹ ਵਿਵਾਦ ਵੀ ਲਗਾਤਾਰ ਚੱਲ ਰਿਹਾ ਹੈ। ਦਿਲਜੀਤ ਦੁਸਾਂਝ ਭਾਵੇਂ ਲਗਾਤਾਰ ਵਿਵਾਦਾਂ 'ਚ ਘਿਰਿਆ ਹੋਇਆ ਹੈ, ਪਰ ਉਹ ਆਪਣੀ ਗੱਲ ਖੁੱਲ੍ਹ ਕੇ ਰੱਖਦਾ ਨਜ਼ਰ ਆਉਂਦਾ ਹੈ।

ਦੂਜੇ ਦੇਸ਼ਾਂ ਦੀਆਂ ਸਰਕਾਰਾਂ ਡੇਗਣ 'ਚ ਦਖ਼ਲ ਦਿੰਦੈ US - ਖ਼ੁਫ਼ੀਆ ਡਾਇਰੈਕਟਰ

ਵਾਸ਼ਿੰਗਟਨ: ਅਮਰੀਕਾ ਦੇ ਟਰੰਪ ਪ੍ਰਸ਼ਾਸਨ 'ਚ ਖ਼ੁਫ਼ੀਆ ਵਿਭਾਗ ਦੀ ਡਾਇਰੈਕਟਰ ਤੁਲਸੀ ਗੈਬਾਰਡ ਨੇ ਦੂਜੇ ਦੇਸ਼ਾਂ 'ਚ ਸੱਤਾ ਤਬਦੀਲੀ ਕਰਨ ਦੀ ਨੀਤੀ ਨੂੰ ਖੁੱਲ ਕੇ ਸਵੀਕਾਰ ਕੀਤਾ ਹੈ। ਉਨ੍ਹਾਂ ਸਵੀਕਾਰ ਕੀਤਾ ਕਿ ਦਹਾਕਿਆਂ ਤੋਂ ਅਮਰੀਕੀ ਸਰਕਾਰ ਦੂਜੇ ਦੇਸ਼ਾਂ 'ਚ ਦਖ਼ਲਅੰਦਾਜ਼ੀ ਕਰ ਕੇ ਸੱਤਾ ਤਬਦੀਲੀ ਕਰਵਾਉਂਦੀਆ ਰਹੀ ਹੈ, ਪਰ ਇਸ ਨੀਤੀ ਨੇ ਵਿਸ਼ਵ-ਵਿਆਪੀ ਸੁਰੱਖਿਆ ਨੂੰ ਵਧਾਉਣ ਦੀ ਥਾਂ ਅਮਰੀਕਾ ਦੇ ਦੁਸ਼ਮਣਾਂ ਦੀ ਗਿਣਤੀ ਵਧਾ ਦਿੱਤੀ ਹੈ।

ਤੁਲਸੀ ਨੇ ISIS ਅਤੇ ਅਲ-ਕਾਇਦਾ ਨੂੰ ਅਮਰੀਕਾ ਦੀ ਇਸ ਦਖ਼ਲਅੰਦਾਜ਼ੀ ਵਾਲੀ ਨੀਤੀ ਦਾ ਹੀ ਨਤੀਜਾ ਮੰਨਿਆ ਹਾਲਾਂਕਿ ਉਨ੍ਹਾਂ ਨੇ ਟਰੰਪ ਪ੍ਰਸ਼ਾਸਨ ਅਧੀਨ ਇਸ ਨੀਤੀ ਦੇ ਖ਼ਾਤਮੇ ਦਾ ਵੀ ਐਲਾਨ ਕੀਤਾ ਹੈ। ਇੰਟਰਨੈਸ਼ਨਲ ਇੰਸਟੀਚਿਊਟ ਫ਼ੌਰ ਸਟ੍ਰੈਟੀਜਿਕ ਸਟੱਡੀਜ਼ ਵਲੋਂ ਆਯੋਜਿਤ ਮਨਾਮਾ ਡਾਇਲੌਗ 'ਚ ਆਪਣੀ ਗੱਲ ਰੱਖਦੇ ਹੋਏ ਗੈਬਾਰਡ ਨੇ ਕਿਹਾ ਕਿ ਅਮਰੀਕਾ ਦੀ ਇਹ ਦਖ਼ਲਅੰਦਾਜ਼ੀ ਨੀਤੀ ਅਕਸਰ ਵਾਸ਼ਿੰਗਟਨ 'ਤੇ ਉਲਟੀ ਪੈਂਦੀ ਸੀ। ਗੈਬਾਰਡ ਨੇ ਕਿਹਾ ਕਿ ਕਈ ਦਹਾਕਿਆਂ ਤੋਂ ਸਾਡੀ ਵਿਦੇਸ਼ ਨੀਤੀ ਦੂਜੇ ਦੇਸ਼ਾਂ ਦੇ ਸ਼ਾਸ਼ਨ ਨੂੰ ਬਦਲਣ ਅਤੇ ਫ਼ਿਰ ਉਸ ਰਾਸ਼ਟਰ ਨੂੰ ਬਣਾਉਣ ਦੀ ਕੋਸ਼ਿਸ਼ ਦੇ ਇੱਕ ਵਿਅਰਥ ਅਤੇ ਬੇਅੰਤ ਚੱਕਰ 'ਚ ਫ਼ਸੀ ਹੋਈ ਸੀ। ਇਹ ਕਿਸੇ ਦੇਸ਼ ਦੇ ਸ਼ਾਸ਼ਨ ਨੂੰ ਪੁੱਟ ਸੁੱਟਣ ਅਤੇ ਉਸ 'ਤੇ ਆਪਣੀ ਸਰਕਾਰ ਦੀ ਪ੍ਰਣਾਲੀ ਥੋਪਣ ਦੀ ਕੋਸ਼ਿਸ਼ ਕਰਨ ਦਾ ਸੰਘਰਸ਼ ਕਰਨਾ ਸਾਡੇ 'ਤੇ ਹੀ ਉਲਟਾ ਪੈਂਦਾ ਸੀ। ਇਸ ਦੇ ਕਾਰਨ ਅਸੀਂ ਆਪਣੇ ਸਹਿਯੋਗੀਆਂ ਤੋਂ ਜ਼ਿਆਦਾ ਦੁਸ਼ਮਣਾਂ ਨੂੰ ਵਧਾ ਲਿਆ ਹੈ।

ਟਰੰਪ ਪ੍ਰਸ਼ਾਸਨ ਦੀ ਅਹਿਮ ਮੈਂਬਰ ਤੁਲਸੀ ਗੈਬਾਰਡ ਨੇ ਸਵੀਕਾਰ ਕੀਤਾ ਕਿ ਇਸ ਨੀਤੀ ਦੇ ਨਤੀਜੇ ਬਹੁਤ ਹੀ ਵਿਨਾਸ਼ਕਾਰੀ ਸਨ। ਉਨ੍ਹਾਂ ਕਿਹਾ ਕਿ ਇਸ ਨੀਤੀ ਦੇ ਨਤੀਜੇ ਵਜੋਂ ਅਣਗਿਣਤ ਜਾਨਾਂ ਗਈਆਂ ਹਨ, ਅਤੇ ਬਹੁਤ ਸਾਰੇ ਮਾਮਲਿਆਂ 'ਚ ਹੋਰ ਵੀ ਵੱਡੇ ਅਤੇ ਗੰਭੀਰ ਸੁਰੱਖਿਆ ਖ਼ਤਰੇ ਪੈਦਾ ਹੋ ਗਏ।

ਉਬਰ ਡਰਾਇਵਰ ਆ ਗਿਆ - ਦਿਲਜੀਤ ਨੇ ਨਸਲੀ ਟਿੱਪਣੀ ਦਾ ਦਿੱਤਾ ਜਵਾਬ

ਸਿਡਨੀ: ਪੰਜਾਬੀ ਗਾਇਕ ਦਿਲਜੀਤ ਦੁਸਾਂਝ ਨੇ ਆਸਟ੍ਰੇਲੀਆ ਦੇ ਸਿਡਨੀ 'ਚ ਇੱਕ ਪੂਰਾ ਸਟੇਡੀਅਮ ਭਰਨ ਵਾਲਾ ਪਹਿਲਾ ਭਾਰਤੀ ਕਲਾਕਾਰ ਬਣ ਕੇ ਇਤਿਹਾਸ ਰਚ ਦਿੱਤਾ ਹੈ। ਉਸ ਦਾ ARUA ਵਰਲਡ ਟੂਰ ਕੌਨਸਰਟ ਜਿਸ 'ਚ ਲਗਭਗ 30 ਹਜ਼ਾਰ ਪ੍ਰਸ਼ੰਸਕਾਂ ਨੇ ਸ਼ਿਰਕਤ ਕੀਤੀ, ਇੱਕ ਬਹੁਤ ਹੀ ਵੱਡੀ ਸਫ਼ਲਤਾ ਸੀ। ਉਸ ਦੇ ਕੌਨਸਰਟ ਦੀਆਂ ਟਿਕਟਾਂ ਦੀ ਕੀਮਤਾਂ 800 ਡਾਲਰਾਂ ਤਕ ਪਹੁੰਚ ਗਈ ਸੀ।

ਹਾਲਾਂਕਿ ਗਾਇਕ ਦੀ ਆਸਟ੍ਰੇਲੀਆਈ ਯਾਤਰਾ ਚੁਣੌਤੀਆਂ ਤੋਂ ਮੁਕਤ ਨਹੀਂ ਰਹੀ। ਦਿਲਜੀਤ ਦੁਸਾਂਝ ਨੂੰ ਆਸਟ੍ਰੇਲੀਆ ਪਹੁੰਚਣ 'ਤੇ ਇੱਕ ਨਸਲੀ ਟਿੱਪਣੀ ਦਾ ਸਾਹਮਣਾ ਕਰਨਾ ਪਿਆ ਜਿੱਥੇ ਕੁੱਝ ਨੇ ਪਾਪਰਾਜ਼ੀਆਂ ਦੀਆਂ ਫ਼ੋਟੋਆਂ ਦੇ ਕੌਮੈਂਟ ਸੈਕਸ਼ਨ 'ਚ ਲਿਖਿਆ, "ਨਵਾਂ ਉਬਰ ਡਰਾਇਵਰ ਆ ਗਿਆ ਹੈ ਜਾਂ ਨਵਾਂ 7-11 ਦਾ ਕਰਮਚਾਰੀ ਉਤਰਿਆ ਹੈ?"

ਇਨ੍ਹਾਂ ਟਿੱਪਣੀਆਂ 'ਤੇ ਇੱਕ ਦਿਲ ਨੂੰ ਛੂਹਣ ਵਾਲੇ ਜਵਾਬ 'ਚ ਦਿਲਜੀਤ ਦੁਸਾਂਝ ਨੇ ਆਪਣੇ ਯੂਟਿਊਬ ਚੈਨਲ 'ਤੇ ਇੱਕ ਪਰਦੇ ਪਿੱਛੇ ਦੇ ਵੀਡੀਓ 'ਚ ਨਸਲੀ ਟਿੱਪਣੀਆਂ ਦਾ ਜਵਾਬ ਦਿੱਤਾ। "ਜੇ ਟਰੱਕ ਡਰਾਇਵਰ ਨਾ ਹੋਣ, ਤਾਂ ਤੁਹਾਨੂੰ ਘਰ ਲਈ ਰੋਟੀ ਨਹੀਂ ਮਿਲੇਗੀ"

ਆਸਟ੍ਰੇਲੀਆਈ ਮੰਤਰੀ ਵਲੋਂ ਨਿੰਦਾ: ਭਾਰਤੀ ਸੰਗੀਤ ਆਈਕੌਨ ਦਿਲਜੀਤ ਦੋਸਾਂਝ ਦੇ ਆਸਟਰੇਲੀਆਈ ਦੌਰੇ ਦੌਰਾਨ ਨਸਲੀ ਦੁਰਵਿਵਹਾਰ ਦੀ ਇੱਕ ਲਹਿਰ ਦੇ ਸਖ਼ਤ ਜਵਾਬ 'ਚ ਬਹੁ-ਸਭਿਆਚਾਰਕ ਮਾਮਲਿਆਂ ਦੇ ਸਹਾਇਕ ਮੰਤਰੀ ਜੂਲੀਅਨ ਹਿੱਲ ਨੇ ਜਨਤਕ ਤੌਰ 'ਤੇ ਪੁਸ਼ਟੀ ਕੀਤੀ ਹੈ ਕਿ ਆਸਟਰੇਲੀਆ 'ਚ ਸੈਲਾਨੀਆਂ ਅਤੇ ਵਿਦੇਸ਼ੀ ਕਲਾਕਾਰਾਂ ਵਿਰੁੱਧ ਨਸਲੀ ਵਿਤਕਰੇ ਲਈ ਕੋਈ ਥਾਂ ਨਹੀਂ। ਮੰਤਰੀ ਹਿੱਲ ਨੇ ਦਾ ਆਸਟਰੇਲੀਆ ਟੂਡੇ ਨੂੰ ਦੱਸਿਆ, "ਸੋਸ਼ਲ-ਮੀਡੀਆ ਪੋਸਟਾਂ ਅਤੇ ਟਿੱਪਣੀਆਂ ਦਾ ਜਵਾਬ ਦਿੰਦੇ ਹੋਏ ਜੋ ਦੋਸਾਂਝ ਦੀ ਨਸਲੀ ਅਤੇ ਵਿਸ਼ਵਾਸ ਨੂੰ ਨਿਸ਼ਾਨਾ ਬਣਾਉਂਦੀਆਂ ਹਨ ਜਦੋਂ ਉਹ ਆਪਣੇ ਬਹੁਤ ਹੀ ਉਮੀਦ ਭਰੇ ਔਰਾ ਟੂਰ-2025 ਲਈ ਦੌਰਾ ਕਰ ਰਹੇ ਸਨਮ। ਮੰਤਰੀ ਨੇ ਕਿਹਾ ਕਿ ਆਸਟ੍ਰੇਲੀਆ 'ਚ ਨਸਲੀ ਵਿਤਕਰੇ ਦੀ ਕੋਈ ਥਾਂ ਨਹੀਂ, ਅਤੇ ਸਾਡੇ ਦੇਸ਼ 'ਚ ਆਉਣ ਵਾਲੇ ਸੈਲਾਨੀਆਂ ਦਾ ਸਵਾਗਤ ਕੀਤਾ ਜਾਣਾ ਚਾਹੀਦਾ ਹੈ।

ਨਾ ਚਲਾਏ ਜਾਣ ਟਰੰਪ ਨੂੰ ਨਾਰਾਜ਼ ਕਰਨ ਵਾਲੇ ਇਸ਼ਤਿਹਾਰ - ਕਾਰਨੀ

ਟੋਰੌਂਟੋ: ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਕਿਹਾ ਕਿ ਉਨ੍ਹਾਂ ਨੇ ਓਨਟੈਰੀਓ ਦੇ ਪ੍ਰੀਮੀਅਰ ਨੂੰ ਸਲਾਹ ਦਿੱਤੀ ਹੈ ਕਿ ਉਹ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਨਾਰਾਜ਼ ਕਰਨ ਵਾਲੇ ਇਸ਼ਤਿਹਾਰ ਨਾ ਚਲਾਉਣ। ਜ਼ਿਕਰਯੋਗ ਹੈ ਕਿ ਕੈਨੇਡਾ 'ਚ ਇੱਕ ਇਸ਼ਤਿਹਾਰ ਪ੍ਰਸਾਰਿਤ ਹੋਇਆ ਸੀ ਜਿਸ 'ਚ 1987 'ਚ ਰੌਨਲਡ ਰੀਗਨ ਨੂੰ ਸੰਬੋਧਨ ਕਰਦਿਆਂ ਦਿਖਾਇਆ ਗਿਆ ਸੀ ਜਿਸ 'ਚ ਉਹ ਕਹਿ ਰਹੇ ਸਨ ਕਿ ਟੈਕਸ ਲਾਉਣ ਨਾਲ ਨੌਕਰੀਆਂ ਖੁੱਸਦੀਆਂ ਹਨ ਅਤੇ ਟਰੇਡ ਵਾਰ ਸ਼ੁਰੂ ਹੁੰਦੀ ਹੈ। ਉਸ ਇਸ਼ਤਿਹਾਰ ਤੋਂ ਖਿੱਝ ਕੇ ਟਰੰਪ ਨੇ ਕੈਨੇਡਾ 'ਤੇ ਵਾਧੂ 10 ਫ਼ੀਸਦੀ ਟੈਕਸ ਲਾ ਦਿੱਤਾ ਸੀ, ਅਤੇ ਇਸ ਇਸ਼ਤਿਹਾਰ ਨੂੰ ਤੁਰੰਤ ਹਟਾਉਣ ਲਈ ਵੀ ਕਿਹਾ ਸੀ।ਕਾਰਨੀ ਨੇ ਇਹ ਵੀ ਪੁਸ਼ਟੀ ਕੀਤੀ ਕਿ ਉਨ੍ਹਾਂ ਨੇ ਏਸ਼ੀਆ-ਪ੍ਰਸ਼ਾਂਤ ਆਰਥਿਕ ਸਹਿਯੋਗ ਸੰਮੇਲਨ 'ਚ ਇੱਕ ਰਾਤ ਦੇ ਖਾਣੇ ਦੌਰਾਨ ਡੋਨਲਡ ਟਰੰਪ ਤੋਂ ਇਸ ਸਬੰਧੀ ਮੁਆਫ਼ੀ ਵੀ ਮੰਗੀ ਸੀ। ਇੱਕ ਇਸ਼ਤਿਹਾਰ ਦੇ ਪ੍ਰਸਾਰਣ ਤੋਂ ਬਾਅਦ ਨੇ ਟਰੰਪ ਨੇ ਕੈਨੇਡਾ ਨਾਲ ਵਪਾਰਕ ਗੱਲਬਾਤ ਖ਼ਤਮ ਕਰ ਦਿੱਤੀ ਸੀ, ਅਤੇ ਕੈਨੇਡਾ 'ਤੇ 10 ਫ਼ੀਸਦੀ ਵਾਧੂ ਟੈਰਿਫ਼ਸ ਲਾ ਦਿੱਤੇ ਸਨ। ਕਾਰਨੀ ਨੇ ਏਸ਼ੀਆ ਦੇ ਨੌਂ ਦਿਨਾਂ ਦੌਰੇ ਨੂੰ ਖ਼ਤਮ ਕਰਦਿਆਂ ਇੱਕ ਨਿਊਜ਼ ਕਾਨਫ਼ਰੰਸ 'ਚ ਇਸ ਬਾਰੇ ਜਾਣਕਾਰੀ ਦਿੱਤੀ।

Line of Credit Fix Bad Credit Get OSAP Loan 905-965-4644
ਕਰਜ਼ੇ ਤੋਂ ਪਰੇਸ਼ਾਨ ਹੋ ? 416-502-3100
ਨੈਨੀ/ਕੇਅਰਗਿਵਰ ਵੀਜ਼ਾ ਅਰਜ਼ੀਆਂ 7,500 Positions 416-848-3930
ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977
ਵਕੀਲ ਦੀ ਲੋੜ ? 905-362-0755
ਇੰਡੀਆ ਵਿੱਚ ਜਾਇਦਾਦ ਵੇਚੋ ਪੈਸੇ ਕੈਨੇਡਾ ਮੰਗਵਾਓ Buy/Sell US Dollars 416-731-7710
ਦੰਦਾਂ ਦੀ ਦੇਖਭਾਲ 905-450-5600
ਸਸਤੀਆਂ ਹਵਾਈ ਟਿਕਟਾਂ 905-595-1700

H-1B ਵੀਜ਼ਿਆਂ ਦਾ 72 ਫ਼ੀਸਦੀ ਭਾਰਤੀਆਂ ਨੂੰ ਹੁੰਦੈ ਫ਼ਾਇਦਾ - Trump

ਵਾਸ਼ਿੰਗਟਨ: ਅਮਰੀਕਾ ਦੇ ਕਿਰਤ ਵਿਭਾਗ ਨੇ ਸੋਸ਼ਲ ਮੀਡੀਆ 'ਤੇ ਇੱਕ ਨਵਾਂ ਵਿਗਿਆਪਨ ਜਾਰੀ ਕਰਕੇ ਕੰਪਨੀਆਂ 'ਤੇ ਐੱਚ-1ਬੀ ਵੀਜ਼ਾ ਪ੍ਰੋਗਰਾਮ ਦਾ ਗ਼ਲਤ ਇਸਤੇਮਾਲ ਕਰਨ ਅਤੇ ਅਮਰੀਕੀ ਨੌਜਵਾਨਾਂ ਦੀਆਂ ਨੌਕਰੀਆਂ ਵਿਦੇਸ਼ੀ ਕਰਮਚਾਰੀਆਂ ਨਾਲ ਬਦਲਣ ਦਾ ਦੋਸ਼ ਲਗਾਇਆ ਹੈ। ਵੀਡੀਓ 'ਚ ਭਾਰਤ ਨੂੰ ਇਸ ਪ੍ਰਣਾਲੀ ਦੇ ਸਭ ਤੋਂ ਵੱਡੇ ਲਾਭਪਾਤਰੀ ਵਜੋਂ ਉਜਾਗਰ ਕੀਤਾ ਗਿਆ ਹੈ। ਲੇਬਰ ਵਿਭਾਗ ਨੇ X 'ਤੇ ਆਪਣੀ ਇੱਕ ਪੋਸਟ 'ਚ ਕਿਹਾ ਕਿ H-1B ਵੀਜ਼ਾ ਦੀ ਬੇਤਹਾਸ਼ਾ ਦੁਰਵਰਤੋਂ ਕਾਰਨ ਨੌਜਵਾਨ ਅਮਰੀਕੀਆਂ ਦਾ ਅਮਰੀਕਨ ਡ੍ਰੀਮ ਉਨ੍ਹਾਂ ਤੋਂ ਖੋਹ ਲਿਆ ਗਿਆ ਹੈ ਕਿਉਂਕਿ ਉਨ੍ਹਾਂ ਦੀਆਂ ਨੌਕਰੀਆਂ ਵਿਦੇਸ਼ੀ ਵਰਕਰਾਂ ਨੂੰ ਦੇ ਦਿੱਤੀਆਂ ਗਈਆਂ ਹਨ।"

ਵਿਭਾਗ ਨੇ ਲਿਖਿਆ, "ਰਾਸ਼ਟਰਪਤੀ ਡੌਨਲਡ ਟਰੰਪ ਅਤੇ ਮੰਤਰੀ ਲੋਰੀ ਸ਼ਾਵੇਜ਼-ਡੀਰੀਮਰ ਦੀ ਅਗਵਾਈ ਹੇਠ ਹੁਣ ਅਸੀਂ ਕੰਪਨੀਆਂ ਨੂੰ ਜਵਾਬਦੇਹ ਬਣਾ ਰਹੇ ਹਾਂ ਅਤੇ ਅਮਰੀਕੀ ਲੋਕਾਂ ਲਈ ਅਮਰੀਕਨ ਡ੍ਰੀਮ



ਵਾਪਿਸ ਲੈ ਰਹੇ ਹਾਂ। ਇਹ ਮੁਹਿੰਮ ਪ੍ਰੋਜੈਕਟ ਫ਼ਾਇਰਵਾਲ ਤਹਿਤ ਚਲਾਈ ਜਾ ਰਹੀ ਹੈ ਜੋ ਕਿ 2025 ਦੇ ਸਤੰਬਰ 'ਚ ਸ਼ੁਰੂ ਹੋਈ ਸੀ। ਇਸ ਮੁਹਿੰਮ ਦਾ ਉਦੇਸ਼ ਕੰਪਨੀਆਂ ਨੂੰ ਤਕਨੀਕੀ ਅਤੇ ਇੰਜੀਨੀਅਰਿੰਗ ਭੂਮਿਕਾਵਾਂ 'ਚ ਅਮਰੀਕੀ ਕਰਮਚਾਰੀਆਂ ਨੂੰ ਘੱਟ ਤਨਖ਼ਾਹ ਵਾਲੇ ਵਿਦੇਸ਼ੀ ਪੇਸ਼ੇਵਰਾਂ ਨਾਲ ਬਦਲਣ ਤੋਂ ਰੋਕਣਾ ਹੈ।

51 ਸਕਿੰਟਾਂ ਦੇ ਇਸ ਵਿਗਿਆਪਨ 'ਚ 1950 ਦੇ ਦਹਾਕੇ ਦੀਆਂ ਅਮਰੀਕਨ ਡ੍ਰੀਮ ਦੀਆਂ ਤਸਵੀਰਾਂ ਦੀ ਆਧੁਨਿਕ ਅੰਕੜਿਆਂ ਨਾਲ ਤੁਲਨਾ ਕੀਤੀ ਗਈ ਹੈ। ਇਸ 'ਚ ਦਾਅਵਾ ਕੀਤਾ ਗਿਆ ਹੈ ਕਿ H-1B ਵੀਜ਼ਿਆਂ ਦੇ 72 ਫ਼ੀਸਦੀ ਅਪਰੂਵਲਜ਼ ਭਾਰਤੀ ਨਾਗਰਿਕਾਂ ਨੂੰ ਮਿਲਦੇ ਹਨ। ਵੀਡੀਓ 'ਚ ਕਿਹਾ ਗਿਆ ਹੈ ਕਿ ਟਰੰਪ ਪ੍ਰਸ਼ਾਸਨ ਹੁਣ ਅਮਰੀਕਨ ਨੌਜਵਾਨਾਂ ਲਈ ਇੱਕ ਨਵਾਂ ਮੌਕਾ ਲੈ ਕੇ ਆ ਰਿਹਾ ਹੈ, ਅਤੇ ਕੰਪਨੀਆਂ ਨੂੰ ਅਮਰੀਕੀਆਂ ਨੂੰ ਤਰਜੀਹ ਦੇਣ ਲਈ ਮਜਬੂਰ ਕਰ ਰਿਹਾ ਹੈ।ਇਹ ਐਡ ਟਰੰਪ ਸਰਕਾਰ ਦੇ ਦੂਜੇ ਕਾਰਜਕਾਲ ਦੇ ਅਮਰੀਕਾ ਫ਼ਸਟ ਏਜੈਂਡੇ ਦਾ ਹਿੱਸਾ